Press Ki Taquat (Patiala) 5 June, 2019

# ਵਾਤਾਵਰਣ ਦਿਵਸ ਮੌਕੇ ਕੀਤਾ ਸੈਮੀਨਾਰ ਲੋਕਾਂ ਨੂੰ ਬੂਟੇ ਦੇ ਕੇ ਕੀਤਾ ਸਨਮਾਨਿਤ




ਪਟਿਆਲਾ 4 ਜੂਨ (ਪ੍ਰੈਸ ਕੀ ਤਾਕਤ ਬਿਓਰੋ) : ਐਸੋਚੈਮ ਅਤੇ ਡਿਟੋਲ ਸਿਟੀ ਸ਼ੀਲਡ ਵਲੋਂ ਹਰ ਸਾਂਸ ਸਵੱਛ ਮੁਹਿੰਮ ਦੇ ਤਹਿਤ ਵਾਤਾਵਰਣ ਦਿਵਸ ਮੌਕੇ ਲੋਕਾਂ ਨੂੰ ਬੂਟੇ ਲਾਉਣ ਲਈ ਪ੍ਰੇਰਿਆ ਗਿਆ। ਇਸ ਮੌਕੇ ਬਾਗਵਾਨੀ ਵਿਭਾਗ ਪੰਜਾਬ ਦੇ ਡਿਪਟੀ ਡਾਇਰੈਕਟਰ ਸਵਰਣ ਸਿੰਘ ਮਾਨ ਨੇ ਕਿਹਾ ਕਿ ਅੱਜ ਹਰ ਮਨੁੱਖ ਨੂੰ ਰੁੱਖ ਲਾਉਣ ਦੀ ਲੋੜ ਹੈ ਤਾਂ ਹੀ ਦਿਨੋ ਦਿਨ ਵਧਦੀ ਗਰਮੀ ਨੂੰ ਰੋਕਿਆ ਜਾ ਸਕਦਾ ਹੈ।

ਐਸੋਚੈਮ ਦੇ ਪ੍ਰੋਜੇਕਟ ਮੈਨੇਜਰ ਰਣਜੀਤ ਕੁਮਾਰ ਨੇ ਕਿਹਾ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ 550ਵੀਂ ਵਰੇਗੰਡ ਮੌਕੇ ਉਹਨਾਂ ਦੀ ਸੰਸਥਾ ਵਲੋਂ ਭਾਰਤ ਦੇ ਵੱਖ ਵੱਖ ਖੇਤਰਾਂ ਵਿਚ 11000 ਤੋਂ ਵੱਧ ਰੁੱਖ ਲਗਾਏ ਜਾਣਗੇ।

ਇਸ ਮੌਕੇ ਬਾਗਵਾਨੀ ਵਿਭਾਗ ਦੇ ਡਿਵੈਲਪਮੈਂਟ ਅਧਿਕਾਰੀ ਕੁਲਵਿੰਦਰ ਸਿੰਘ, ਪਟਿਆਲਾ ਦੇ ਜਿਲਾ ਪਰਿਸ਼ਦ ਮੈਂਬਰ ਰਣਧੀਰ ਸਿੰਘ, ਪਿੰਡ ਰੋਂਗਲਾ ਦੇ ਸਰਪੰਚ ਸਿਤਾਰ ਮੁਹਮੰਦ ਨੇ ਇਸ ਮੌਕੇ ਆਪਣੇ ਵਿਚਾਰ ਲੋਕਾਂ ਸਾਹਮਣੇ ਰਖੇ ਅਤੇ ਲੋਕਾਂ ਨੂੰ ਬੂਟੇ ਦੇ ਕੇ ਸਨਮਾਨਿਤ ਕੀਤਾ।

Dainik Savera (Patiala) 6 June, 2019

# वातावरण का संतुलन बनाने में लोग अपनी भागीदारी निभाएं : स्वर्ण सिंह



गांव नरडू में वातावरण दिवस मनाए जाने के मौके पर पौधे लगाते हुए।

पटियाला (विनय) : ऐसोचैम तथा डिटोल सिटी शील्ड की तरफ से हर सांस स्वच्छ मुहिम के अंतर्गत वातावरण दिवस के अवसर पर सरकारी हाई स्कूल गांव नरडू जिला पटियाला में मनाया गया। बागवानी विभाग पंजाब के डिप्टी डायरेक्टर स्वर्ण सिंह मान ने कार्यक्रम का उद्घाटन करते हुए कहा कि दिन प्रतिदिन बढ़ रही गर्मी इस बात का साफ संकेत है कि अगले सालों में गर्मी और ज्यादा बढ़ेगी, जिसका कसूरवार कोई और नही बल्कि हम सब हैं क्योंकि हमने वातावरण का सत्यानाश कर दिया है। उन्होंने आगे कहा कि प्रदूषण ने व्यक्ति का जीना दूभर कर दिया है यदि व्यक्ति को हर सांस स्वच्छ नहीं मिलेगी तो वह ज्यादा नहीं जी पाएगा। इस अवसर पर बलजीत सिंह जंगलात रेंज अफसर, राजपुरा ने कहा कि डिटोल सिटी शील्ड तथा एसोचैम द्वारा पर्यावरण को शुद्ध रखने के लिए बांटे जा रहे पौधे सराहनीय कार्य है। इस अवसर पर डा. अररिन्दर सिंह बागवानी विभाग, सुखविन्दर सिंह ब्लाक अफसर, प्रिंसीपल जागर सिंह, गुरजोत सिंह ए.पी.ओ. मनरेगा, मदन लाल शर्मा पंचायत सैक्ट्री ने भी लोगों के सामने अपने विचार रखे।

**ASSOCHAM IN THE NEWS**

**Dainik Jagran (Patiala)** **6 June, 2019**

# हाई स्कूल नरडू में मनाया पर्यावरण दिवस



**जासं, पटियाला** : एसोचैम और डिटोल सिटी शील्ड की तरफ से हर सांस स्वच्छ मुहिम के तहत पर्यावरण दिवस के अवसर पर सरकारी हाई स्कूल नरडू में मनाया गया। इस कार्यक्रम में बागवानी विभाग पंजाब के डिप्टी डायरेक्टर स्वर्ण सिंह मान ने कार्यक्रम का उद्घाटन किया।

**ASSOCHAM IN THE NEWS**

**Press Ki Taquat (Patiala)** **6 June, 2019**

# ਮਿਸ਼ਨ ਤੰਦਰੁਸਤ ਪੰਜਾਬ ਤਹਿਤ ਰੋਜ਼ਾਨਾ ਜ਼ਿਲ੍ਹੇ 'ਚ ਕੀਤੇ ਜਾ ਰਹੇ ਹਨ ਵਿਸ਼ੇਸ਼ ਸਮਾਗਮ-ਕੁਮਾਰ ਅਮਿਤ



ਪਟਿਆਲਾ, 5 ਜੂਨ (ਪ੍ਰੈਸ ਕੀ ਤਾਕਤ ਬਿਊਰੋ)-ਵਿਸ਼ਵ ਵਾਤਾਵਰਣ ਦਿਵਸ ਮੌਕੇ ਅੱਜ ਜ਼ਿਲ੍ਹੇ ਵਿਚ ਵੱਖ-ਵੱਖ ਵਿਭਾਗਾਂ ਵੱਲੋਂ ਸਮਾਗਮ ਕਰਕੇ ਪਟਿਆਲਾ ਵਾਸੀਆਂ ਨੂੰ ਵਾਤਾਵਰਣ ਦੀ ਸ਼ੁੱਧਤਾ ਲਈ ਉਪਰਾਲੇ ਕਰਨ ਬਾਬਤ ਜਾਗਰੂਕ ਕੀਤਾ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆ ਡਿਪਟੀ ਕਮਿਸ਼ਨਰ ਸ੍ਰੀ ਕੁਮਾਰ ਅਮਿਤ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਹਫਤੇ ਹਰੇਕ ਵਿਭਾਗ ਨੂੰ ਮਿਸ਼ਨ ਤੰਦਰੁਸਤ ਪੰਜਾਬ ਤਹਿਤ ਆਪਣੇ-ਆਪਣੇ ਵਿਭਾਗ ਰਾਹੀ ਜਾਗਰੂਕਤਾ ਮੁਹਿਮ ਚਲਾਉਣ ਲਈ ਵਿਸ਼ੇਸ਼ ਹਦਾਇਤਾਂ ਕੀਤੀਆਂ ਹੋਈਆਂ ਹਨ। ਜਿਸ ਤਹਿਤ ਵਿਭਾਗਾਂ ਵੱਲੋਂ ਰੋਜ਼ਾਨਾ ਗਤੀਵਿਧੀਆਂ ਦੀ ਰਿਪੋਰਟ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਭੇਜੀ ਜਾਂਦੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅੱਜ ਵਿਸ਼ਵ ਵਾਤਾਵਰਣ ਦਿਵਸ ਮੌਕੇ ਜ਼ਿਲ੍ਹੇ ਵਿਚ ਕਈ ਥਾਵਾਂ 'ਤੇ ਸਮਾਗਮ ਕਰਵਾਏ ਗਏ ਜਿਸ ਤਹਿਤ ਜੰਗਲਾਤ ਵਿਭਾਗ ਵੱਲੋਂ ਪਟਿਆਲਾ, ਨਾਭਾ, ਭਾਦਸੋ, ਰਾਜਪੁਰਾ ਅਤੇ ਸਮਾਣਾ ਰੇਂਜ ਵਿਖੇ ਬੂਟੇ ਲਗਾਕੇ ਆਮ ਲੋਕਾਂ ਨੂੰ ਵੀ ਵਾਤਾਵਰਣ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ। ਜੰਗਲਾਤ ਵਿਭਾਗ ਵੱਲੋਂ ਕਰਵਾਏ ਸਮਗਾਮਾਂ ਦੌਰਾਨ ਜ਼ਿਲ੍ਹਾ ਜੰਗਲਾਤ ਅਫਸਰ ਸ੍ਰੀ ਬਲਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਭਾਗ ਵੱਲੋਂ ਰੋਜ਼ਾਨਾ ਪਿੰਡਾਂ 'ਚ ਬੂਟੇ ਲਗਾਏ ਜਾ ਰਹੇ ਹਨ ਅਤੇ ਸੈਮੀਨਾਰ ਲਗਾਕੇ ਜਾਗਰੂਕਤਾ ਵੀ ਫੈਲਾਈ ਜਾ ਰਹੀ ਹੈ।ਸ੍ਰੀ ਕੁਮਾਰ ਅਮਿਤ ਨੇ ਦੱਸਿਆ ਕਿ ਯੁਵਕ ਸੇਵਾਵਾਂ ਵਿਭਾਗ ਵੱਲੋਂ ਸਕੂਲਾਂ ਦੇ ਐਨ.ਐਸ.ਐਸ ਵਲੰਟੀਅਰਜ਼ ਨਾਲ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੀਲਖਾਨਾ, ਸਰਕਾਰੀ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ ਪਾਸੀ ਰੋਡ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਿਊ ਪਾਵਰ ਹਾਊਸ ਕਲੋਨੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤ੍ਰਿਪੜੀ, ਸਰਕਾਰੀ ਸਕੂਲ ਬਹਾਦਰਗੜ੍ਹ ਸਾਹਿਬ ਅਤੇ ਪਿੰਡ ਸਰਕਾਰੀ ਸਕੂਲ ਅਲਾਣਾ ਘਨੌਰ ਵਿਖੇ ਬੂਟੇ ਲਗਾਏ ਗਏ ਅਤੇ ਵਿਦਿਆਰਥੀਆਂ ਨੂੰ ਵਾਤਾਵਰਣ ਸਬੰਧੀ ਜਾਗਰੂਕ ਕਰਨ ਲਈ ਵਿਸ਼ੇਸ਼ ਭਾਸ਼ਣ ਕਰਵਾਏ ਗਏ।